# 97

# ‘‘ਤੇਜ ਵਿਚ ਉਤਾਂਹ ਉਠਾ ਲਿਆ ਗਿਆ’’[1]

## ਮਰਕੁਸ 16:19; ਲੂਕਾ 24:50–53; ਰਸੂਲਾਂ ਦੇ ਕੰਮ 1:9–12, ਇਕ ਨੇੜ ਝਾਤ

ਅਸੀਂ ਮਸੀਹ ਦੀ ਜ਼ਿੰਦਗੀ ਦੇ ਸੁਭਾਵਕ ਸਾਰ, ਭਾਵ ਉਸ ਦੇ ਉੱਪਰ ਉਠਾਏ ਜਾਣ ਤੇ ਆ ਪਹੁੰਚੇ ਹਾਂ। ਆਪਣੇ ਚੇਲਿਆਂ ਨੂੰ ਆਖ਼ਰੀ ਗੱਲਾਂ ਆਖਦਿਆਂ ਯਿਸੂ ਨੇ ਦੱਸਿਆ ਕਿ ਦੁੱਖ ਝੱਲਣ ਦੇ ਬਾਅਦ ਉਸ ਦਾ ਜਲਾਲ ਪਾਉਣਾ ਜ਼ਰੂਰੀ ਸੀ, ਜੋ ਉਸ ਦੇ ਉੱਪਰ ਉਠਾਏ ਜਾਣ ਵੇਲੇ ਹੋਇਆ: ‘‘ਕੀ ਮਸੀਹ ਨੂੰ ਜ਼ਰੂਰੀ ਨਾ ਸੀ ਜੋ ਏਹ ਕਸ਼ਟ ਭੋਗ ਕੇ ਆਪਣੇ ਤੇਜ ਵਿਚ ਪ੍ਰਵੇਸ਼ ਕਰੇ?’’ (ਲੂਕਾ 24:26)। ਪੌਲੁਸ ਨੇ ਲਿਖਿਆ ਹੈ ਕਿ ਖ਼ੁਦਾ ਦੀ ਸਮਰਥਾ ਦੀ ਸਭ ਤੋਂ ਵੱਡੀ ਗੱਲ ਇਹ ਸੀ ਕਿ ‘‘ਜਿਹੜਾ ਉਹ ਨੇ ਮਸੀਹ ਵਿਚ ਕੀਤਾ ਜਦ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ’’ (ਅਫ਼ਸੀਆਂ 1:20)।

ਉੱਪਰ ਉਠਾਇਆ ਜਾਣਾ ਮਸੀਹ ਦੀ ਜ਼ਿੰਦਗੀ ਦਾ ਸੁਭਾਵਕ ਸਾਰ ਸੀ, ਕਿਉਂਕਿ ਉਹ ਉੱਪਰੋਂ ਹੀ ਆਇਆ ਸੀ, ਇਸ ਕਰਕੇ ਇਹ ਢੁਕਵਾਂ ਲਗਦਾ ਹੈ ਕਿ ਉਹ ਵਾਪਸ ਚਲਿਆ ਜਾਂਦਾ। ਇਹ ਸੁਭਾਵਕ ਅੰਤ ਸੀ ਕਿਉਂਕਿ ਯਿਸੂ ਦੀ ਜ਼ਿੰਦਗੀ ਤੋਂ ਇਹੀ ਵਿਖਾਇਆ ਗਿਆ ਸੀ ਕਿ ਖ਼ੁਦਾ ਦਾ ‘‘ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਬਣਾਈਏ’’ ਕਹਿਣ ਤੋਂ ਕੀ ਭਾਵ ਸੀ (ਉਤਪਤ 1:26ੳ)। ਅਜਿਹਾ ਹੋਣ ਕਰਕੇ, ਇਸ ਗੱਲ ਵਿਚ ਦਮ ਹੈ ਕਿ ਯਿਸੂ ਨੇ ਖ਼ੁਦਾ ਦੀ ਭਰਪੂਰ ਸੰਗਤੀ ਲਈ ਵਾਪਸ ਚਲੇ ਜਾਣਾ ਸੀ, ਜਿਹੜੀ ਕਦੇ ਬਾਗ–ਏ–ਅਦਨ ਵਿਚ ਮਨੁੱਖ ਨੇ ਮਾਣੀ ਸੀ।

ਉੱਪਰ ਉਠਾਏ ਜਾਣ ਬਾਰੇ ਬਾਈਬਲ ਦੀ ਸਿੱਖਿਆ ਦਾ ਅਧਿਐਨ ਕਰਦੇ ਹੋਏ, ਸਾਨੂੰ ਇਹ ਮੰਨਣਾ ਹੀ ਪਵੇਗਾ ਕਿ ਅਸੀਂ ਇਸ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਸਮਝ ਸਕਦੇ। ਉਦਾਹਰਣ ਲਈ, ਯਿਸੂ ਦੀ ਜੀ ਉੱਠੀ ਦੇਹ (‘‘ਮਾਸ ਅਤੇ ਹੱਡੀਆਂ’’[2] ਨਾਲ) ਕਿਵੇਂ ਬਦਲੀ ਹੋਵੇਗੀ ਕਿ ਉਹ ਸੁਰਗ ਦੇ ਫਾਟਕਾਂ ਵਿਚ ਦਾਖ਼ਲ ਹੋ ਸਕਿਆ? ਨਵਾਂ ਨੇਮ ਇਸ ਅਤੇ ਉੱਠ ਸਕਣ ਵਾਲੇ ਹੋਰ ਸਵਾਲਾਂ ਦਾ ਜਵਾਬ ਨਹੀਂ ਦਿੰਦਾ। ਬਾਈਬਲ ਉਸ ਦੇ ਉੱਪਰ ਉਠਾਏ ਜਾਣ ਦਾ ਵੇਰਵਾ ਜ਼ਰੂਰ ਦਿੰਦੀ ਹੈ, ਪਰ ਇਸ ਦੀ ਵਿਆਖਿਆ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਦੀ। ਅਸਲ ਘਟਨਾ ਨੂੰ ਇਹ ਤਿੰਨ ਹਵਾਲਿਆਂ ਵਿਚ ਦੱਸ ਦਿੰਦੀ ਹੈ:

> ਉਹ ਉਨ੍ਹਾਂ ਨੂੰ ਬਾਹਰ ਬੈਤਅਨੀਆ ਦੇ ਸਾਹਮਣੇ ਲੈ ਗਿਆ ਅਰ ਆਪਣੇ ਹੱਥ ਉਠਾ ਕੇ ਉਨ੍ਹਾਂ ਨੂੰ ਅਸੀਸ ਦਿੱਤੀ। ਅਤੇ ਇਉਂ ਹੋਇਆ ਕਿ ਜਾਂ ਉਹ ਉਨ੍ਹਾਂ ਨੂੰ ਅਸੀਸ ਦੇ ਰਿਹਾ ਸੀ ਤਾਂ ਉਹ ਉਨ੍ਹਾਂ ਤੋਂ ਅਲੱਗ ਹੋਇਆ ਅਰ ਅਕਾਸ਼ ਉੱਤੇ ਉਠਾਇਆ ਗਿਆ। ਅਤੇ ਓਹ ਉਸ ਨੂੰ ਸੀਸ ਨਿਵਾ ਕੇ ਵੱਡੀ ਖੁਸ਼ੀ ਨਾਲ ਯਰੂਸ਼ਲਮ ਨੂੰ ਮੁੜੇ (ਲੂਕਾ 24:50–52)।

ਅਰ ਜਾਂ ਉਹ ਇਹ ਗੱਲਾਂ ਕਹਿ ਹਟਿਆ ਤਾਂ ਉਨ੍ਹਾਂ ਦੇ ਵੇਖਦਿਆਂ–ਵੇਖਦਿਆਂ ਉਹ ਉਤਾਹਾਂ ਉਠਾਇਆ ਗਿਆ ਅਤੇ ਬੱਦਲੀ ਨੇ ਉਸ ਨੂੰ ਉਨ੍ਹਾਂ ਦੀ ਨਜ਼ਰੋਂ ਓਹਲੇ ਕਰ ਦਿੱਤਾ। ਅਰ ਉਸ ਦੇ ਜਾਂਦਿਆਂ ਹੋਇਆਂ ਜਾਂ ਓਹ ਅਕਾਸ਼ ਦੀ ਵੱਲ ਤੱਕ ਰਹੇ ਸਨ ਵੇਖੋ ਦੋ ਜਣੇ ਚਿੱਟਾ ਪਹਰਾਵਾ ਪਹਿਨੀ ਉਨ੍ਹਾਂ ਦੇ ਕੋਲ ਖਲੋਤੇ ਸਨ। ਅਤੇ ਓਹ ਆਖਣ ਲੱਗੇ, ਹੇ ਗਲੀਲੀ ਪੁਰਖੋ, ਤੁਸੀਂ ਕਿਉਂ ਖੜੇ ਅਕਾਸ਼ ਦੀ ਵੱਲ ਵੇਖਦੇ ਹੋ? ਇਹ ਯਿਸੂ ਜਿਹੜਾ ਤੁਹਾਡੇ ਕੋਲੋਂ ਅਕਾਸ਼ ਉੱਪਰ ਉਠਾ ਲਿਆ ਗਿਆ ਓਸੇ ਤਰਾਂ ਆਵੇਗਾ ਜਿਸ ਤਰ੍ਹਾਂ ਤੁਸਾਂ ਉਸ ਨੂੰ ਅਕਾਸ਼ ਉੱਤੇ ਜਾਂਦੇ ਵੇਖਿਆ।

ਤਦ ਓਹ ਉਸ ਪਹਾੜ ਤੋਂ ਜਿਹੜਾ ਜੈਤੂਨ ਦਾ ਸੱਦੀਦਾ ਹੈ ਅਤੇ ਯਰੂਸ਼ਲਮ ਦੇ ਨੇੜੇ ਇਕ ਸੱਬਤ ਦੇ ਦਿਨ ਦੀ ਵਾਟ ਹੈ ਯਰੂਸ਼ਲਮ ਨੂੰ ਮੁੜੇ। (ਰਸੂਲਾਂ ਦੇ ਕੰਮ 1:9–12)।

ਫੇਰ ਪ੍ਰਭੂ ਯਿਸੂ ਜਾਂ ਉਨ੍ਹਾਂ ਨਾਲ ਬਚਨ ਕਰ ਹਟਿਆ ਅਕਾਸ਼ ਉੱਤੇ ਉਠਾ ਲਿਆ ਗਿਆ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਜਾ ਬੈਠਾ। (ਮਰਕੁਸ 16:19)।

ਇਨ੍ਹਾਂ ਸੰਖੇਪ ਵੇਰਵਿਆਂ ਤੋਂ ਇਲਾਵਾ, ਨਵੇਂ ਨੇਮ ਦੀ ਇਸ ਘਟਨਾ ਦੇ ਸਿੱਧੇ ਜਾਂ ਅਸਿੱਧੇ ਕਈ ਹਵਾਲੇ ਹਨ। ਇਕ ਨਮੂਨਾ ਇਹ ਹੈ:

- ਪਹਿਲੇ ਇੰਜੀਲੀ ਉਪਦੇਸ਼ ਵਿਚ ਪਤਰਸ ਨੇ ਕਿਹਾ ਸੀ ਕਿ ਯਿਸੂ ਨੂੰ ''ਪਰਮੇਸ਼ੁਰ ਦੇ ਸੱਜੇ ਹੱਥ ਕੋਲ ਅੱਤ ਉੱਚਾ'' ਕੀਤਾ ਗਿਆ ਸੀ (ਰਸੂਲਾਂ ਦੇ ਕੰਮ 2:33)।
- ਆਪਣੇ ਦੂਜੇ ਉਪਦੇਸ਼ ਵਿਚ, ਮਸੀਹ ਦੀ ਗੱਲ ਕਰਦੇ ਹੋਏ, ਪਤਰਸ ਨੇ ਆਖਿਆ, ''ਜ਼ਰੂਰ ਹੈ ਜੋ ਉਹ ਸੁਰਗ ਵਿਚ ਜਾ ਰਹੇ ਜਿੰਨਾ ਚਿਰ ਸਾਰੀਆਂ ਚੀਜ਼ਾਂ ਦੇ ਸੁਧਾਰੇ ਜਾਣ ਦਾ ਸਮਾਂ ਨਾ ਆਵੇ''[3] (ਰਸੂਲਾਂ ਦੇ ਕੰਮ 3:21)।
- ਪਿਸਿਦੀਆ ਦੇ ਅੰਤਾਕਿਆ ਦੀ ਸਿਨਾਗੋਗ ਵਿਚ ਆਪਣੇ ਉਪਦੇਸ਼ ਵਿਚ ਪੌਲੁਸ ਨੇ ਕਿਹਾ ਕਿ ਖ਼ੁਦਾ ਨੇ ''[ਯਿਸੂ] ਨੂੰ ਮੁਰਦਿਆਂ ਵਿੱਚੋਂ ਉਠਾਲਿਆ ਕਿ ਉਹ ਫੇਰ ਸੜਨ ਦੀ ਵੱਲ ਕਦੇ ਨਾ ਮੁੜੇ'' (ਰਸੂਲਾਂ ਦੇ ਕੰਮ 13:34)।
- ਅਫ਼ਸੁਸ ਦੀ ਕਲੀਸੀਆ ਦੇ ਨਾਂਅ ਆਪਣੀ ਚਿੱਠੀ ਵਿਚ, ਉਸ ਨੇ ਉੱਪਰ ਉਠਾਏ ਜਾਣ ਤੇ ਇਹ ਵਧੀਕ ਟਿੱਪਣੀ ਜੋੜੀ: ''ਇਸ ਲਈ ਉਹ ਆਖਦਾ ਹੈ–ਜਾਂ ਉਹ ਉਤਾਹਾਂ ਨੂੰ ਚੜ੍ਹਿਆ, ਓਹ ਬੰਧਨ ਨੂੰ ਬੰਨ੍ਹ ਲਿਆ,[4] ਅਤੇ ਮਨੁੱਖਾਂ ਨੂੰ ਦਾਨ ਦਿੱਤੇ।[5] ਹੁਣ ਇਸ ਗੱਲ ਦਾ ਭਈ ਉਹ ਚੜ੍ਹਿਆ ਇਸ ਤੋਂ ਬਿਨਾ ਹੋਰ ਕੀ ਭਾਵ ਹੈ ਜੋ ਉਹ ਧਰਤੀ ਦੇ ਹੇਠਲਿਆਂ ਥਾਵਾਂ ਵਿਚ ਉਤਰਿਆ ਵੀ ਸੀ।[6] ਜਿਹੜਾ ਉਤਰਿਆ ਸੋ ਉਹੋ ਹੈ ਜੋ ਸਾਰੇ ਅਕਾਸ਼ਾਂ ਦੇ ਉਤਾਹਾਂ ਚੜ੍ਹਿਆ ਵੀ ਸੀ ਭਈ ਸੱਭੋ ਕੁਝ ਭਰਪੂਰ ਕਰੇ'' (ਅਫ਼ਸੀਆਂ 4:8–10)।
- ਪ੍ਰਕਾਸ ਦੀ ਪੋਥੀ ਦੇ ਅਧਿਆਇ 12 ਵਿਚ ਸਾਨੂੰ ਤੀਵੀਂ ਅਤੇ ਵੱਡੇ ਲਾਲ ਅਜਗਰ ਦਾ ਦਰਸ਼ਨ ਮਿਲਦਾ ਹੈ। ਆਇਤ 5 ਵਿਚ ਸਾਨੂੰ ਯਿਸੂ ਦੇ ਜਨਮ ਅਤੇ ਬਾਅਦ ਵਿਚ ਉਸ ਦੇ ਉੱਪਰ ਉਠਾਏ ਜਾਣ ਦਾ ਹਵਾਲਾ ਮਿਲਦਾ ਹੈ: ''ਉਹ ਇਕ ਪੁੱਤਰ, ਇਕ ਨਰ ਬਾਲ ਜਣੀ, ਜਿਹਨੇ ਲੋਹੇ ਦੇ ਡੰਡੇ ਨਾਲ ਸਭਨਾਂ ਕੌਮਾਂ ਉੱਤੇ ਹਕੂਮਤ ਕਰਨੀ ਹੈ;[7] ਅਤੇ ਉਹ ਦਾ ਬਾਲਕ ਪਰਮੇਸ਼ੁਰ ਕੋਲ ਅਤੇ ਉਸ ਦੇ ਸਿੰਘਾਸਣ ਕੋਲ ਉਠਾਇਆ ਗਿਆ।''

ਉੱਪਰ ਉਠਾਏ ਜਾਣ ਨਾਲ ਦੋ ਮਕਸਦ ਪੂਰੇ ਹੋਏ: ਇਹ ਅਤੀਤ ਦਾ ਸਿਖਰ ਸੀ ਅਤੇ ਭਵਿੱਖ ਲਈ ਤਿਆਰ ਹੋਇਆ ਰਾਹ। ਦੂਜੇ ਢੰਗ ਨਾਲ ਕਹੋ ਤਾਂ ਉੱਪਰ ਉਠਾਇਆ ਜਾਣਾ ਧਰਤੀ ਉਤਲੀ

ਯਿਸੂ ਦੀ ਸੇਵਕਾਈ ਦਾ ਸਿਖਰ ਵੀ ਸੀ ਅਤੇ ਉਸ ਦੇ ਚੇਲਿਆਂ ਦੀ ਸੇਵਕਾਈ ਲਈ ਰਾਹ ਤਿਆਰ ਕਰਨ ਦਾ ਅਗਲਾ ਕਦਮ ਵੀ। ਬਿਨਾਂ ਉੱਪਰ ਉਠਾਏ ਜਾਣ ਦੇ ਲਈ, ਯਿਸੂ ਦੇ ਜੀ ਉੱਠਣ ਅਤੇ ਲਗਭਗ ਪੰਜਾਹ ਦਿਨ ਪਹਿਲਾਂ ਪੈਂਟੀਕਾਸਟ ਵਾਲੇ ਦਿਨ ਆਤਮਾ ਦੇ ਆਉਣ ਵਿਚ ਇਹ ਖੱਡ ਸੀ।[8] ਉੱਪਰ ਉਠਾਇਆ ਜਾਣਾ ਧਰਤੀ ਤੇ ਯਿਸੂ ਦੀ ਸੇਵਕਾਈ ਅਤੇ ਬਾਅਦ ਦੀ ਉਸ ਦੇ ਰਸੂਲਾਂ ਦੀ ਸੇਵਕਾਈ ਵਿਚ ਇਕ ਫ਼ੈਸਲਾਕੁੰਨ ਵੰਡਣ ਵਾਲਾ ਪੁਆਇੰਟ ਹੈ।

## ਮਸੀਹ ਦੀ ਵਡਿਆਈ ਹੋਣਾ

ਯਿਸੂ ਦੇ ਤੇਜ ਵਿਚ ਉੱਪਰ ਲੈ ਲਏ ਜਾਣ ਨਾਲ ਸੁਰਗ ਤੇ ਉਠਾਇਆ ਜਾਣਾ ਅਤੀਤ ਦਾ ਸਿਖਰ ਬਣ ਗਿਆ। ਯਿਸੂ ਨੇ ਦੱਸਿਆ ਕਿ ਇਹ ''ਮਸੀਹ ਨੂੰ ਜ਼ਰੂਰੀ ਸੀ ਜੋ ਆਪਣੇ ਤੇਜ ਵਿਚ ਪ੍ਰਵੇਸ ਕਰੇ?'' (ਲੂਕਾ 24:26)। ਪੌਲੁਸ ਨੇ ਲਿਖਿਆ ਕਿ ਯਿਸੂ ''ਤੇਜ ਵਿਚ ਉੱਪਰ ਉਠਾਇਆ ਗਿਆ'' (1 ਤਿਮੋਥਿਉਸ 3:16)। ਪਤਰਸ ਨੇ ਕਿਹਾ ਕਿ ''ਪਰਮੇਸ਼ੁਰ ... ਨੇ ਉਹਨੂੰ ਮਹਿਮਾ ਦਿੱਤੀ ...'' (1 ਪਤਰਸ 1:21)।

ਉੱਪਰ ਉਠਾਇਆ ਜਾਣਾ ਸ਼ੁਰੂ ਵਿਚ ਹੈਰਾਨ ਕਰਨ ਵਾਲਾ ਹੈ, ਉਨਾਂ ਹੀ ਮਸੀਹ ਦੇ ਕੰਮ ਦਾ ਸਿਖਰ ਹੈ। ਇਕ ਪਲ ਲਈ ਵਿਚਾਰ ਕਰੋ। ਕਿਹੜੀ ਗੱਲ ਬਹੁਤੀ ਰੋਮਾਂਚਕਾਰੀ ਹੈ: ਕੁਝ ਸ਼ਰਤਾਂ ਨੂੰ ਪੂਰਾ ਕਰਨਾ ਜਾਂ ਉਹ ਪਾ ਲੈਣਾ ਜਿਹਦੇ ਲਈ ਤੁਸੀਂ ਉਨ੍ਹਾਂ ਸ਼ਰਤਾਂ ਨੂੰ ਪੂਰਿਆਂ ਕੀਤਾ?[9] ਇੱਥੋਂ ਤਕ ਮੁਕਤੀਦਾਤਾ ਆਪਣੇ ਆਪ ਨੂੰ ਮਹਾਂਯਾਜਕ ਅਤੇ ਰਾਜੇ ਦੇ ਰੂਪ ਵਿਚ ਕੰਮ ਕਰਨ ਲਈ ਤਿਆਰ ਕਰ ਰਿਹਾ ਸੀ। ਉੱਪਰ ਉਠਾਏ ਜਾਣ ਨਾਲ ਉਸ ਤਿਆਰੀ ਨੂੰ ਤਾਜ ਪੁਆ ਦਿੱਤਾ ਗਿਆ। ਫ਼ਿਲਿੱਪ ਯੈਂਸੀ ਨੇ ਲਿਖਿਆ ਹੈ:

> ਜੇ *[ਜੀ ਉੱਠਣ ਵਾਲਾ]* ਐਤਵਾਰ ਚੇਲਿਆਂ ਦੀਆਂ ਜ਼ਿੰਦਗੀ ਦਾ ਸਭ ਤੋਂ ਰੋਮਾਂਚਕਾਰੀ ਦਿਨ ਸੀ, ਤਾਂ ਯਿਸੂ ਲਈ ਉੱਪਰ ਉਠਾਏ ਜਾਣ ਦਾ ਦਿਨ ਹੋਵੇਗਾ। ਉਹ ਭਾਵ ਰਚਨਹਾਰਾ, ਜਿਸ ਨੇ ਐਨਾ ਹਲੀਮੀ ਨਾਲ ਆ ਕੇ, ਐਨਾਂ ਕੁਝ ਤਿਆਗ ਦਿੱਤਾ ਸੀ, ਹੁਣ ਘਰ ਨੂੰ ਪਰਤ ਰਿਹਾ ਸੀ। ਇਕ ਸਿਪਾਹੀ ਦੇ ਦੂਰੋਂ ਅਤੇ ਖ਼ੂਨੀ ਜੰਗ ਤੋਂ ਸਮੁੰਦਰ ਪਾਰੋਂ ਘਰ ਮੁੜਨ ਵਾਂਗ। ਪੁਲਾੜ ਯਾਤਰੀ ਦੇ ਧਰਤੀ ਦੇ ਆਪਣੇ ਜਾਣੇ ਪਛਾਣੇ ਵਾਤਾਵਰਣ ਵਿਚ ਆਪਣਾ ਸਪੇਸ ਸੂਟ ਲਾਹੁਣ ਵਾਂਗ।[10] ਅਖ਼ੀਰ ਘਰ ਪਰਤਣਾ ਹੋਇਆ।[11]

### ਵਡਿਆਈ ਹੋਈ

ਕਲਪਨਾ ਕਰਨ ਦੀ ਕੋਸ਼ਿਸ਼ ਕਰੋ ਕਿ ਯਿਸੂ ਦੇ ਸੁਰਗ ਵਿਚ ਵਾਪਸ ਚਲੇ ਜਾਣ ਤੇ ਕਿਹੋ ਜਿਹਾ ਮਾਹੌਲ ਹੋਵੇਗਾ। ਆਪਣੇ ਦਿਮਾਗ ਵਿਚ ਕੀ ਤੁਸੀਂ ਅਨੰਦ ਦੇ ਜੈਕਾਰੇ ਸੁਣ ਸਕਦੇ ਹੋ, ਜੋ ਸੁਰਗ ਵਿਚ ਮਾਰੇ ਗਏ ਹੋਣਗੇ?

ਜ਼ਬੂਰ 24 ਇਕ ਮਹਾਨ ਰਾਜੇ ਦੇ ਘਰ ਪਰਤਨ ਤੇ ਫ਼ਤਹਿ ਦਾ ਗੀਤ ਗਾਇਆ ਹੈ। ਕਿਸੇ ਨੇ ਸੁਝਾਅ ਦਿੱਤਾ ਹੈ ਕਿ ਇਨ੍ਹਾਂ ਸ਼ਬਦਾਂ ਨੂੰ ਪ੍ਰਭੂ ਦੇ ਸੁਰਗ ਵਿਚ ਵਾਪਸ ਜਾਣ ਲਈ ਕੀਤਾ ਜਾ ਸਕਦਾ ਹੈ। ਇਸੇ ਆਇਤ ਦੀ ਵਰਤੋਂ ਕਰਦੇ ਹੋਏ ਆਪਣੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਬਣਾਉਣ ਦੀ ਕੋਸ਼ਿਸ਼ ਕਰੋ ਜੋ ਯਿਸੂ ਦੇ ਸੁਰਗ ਵਿਚ ਉਠਾਏ ਜਾਣ ਵਰਗਾ ਹੋਵੇ।

ਉਸ ਦੇ ਉੱਪਰ ਉਠਾ ਲਏ ਜਾਣ ਤੇ ਫ਼ਰਿਸ਼ਤੇ ਉਸ ਨੂੰ ਮਿਲ ਕੇ ਉਸ ਦੇ ਅੱਗੇ ਅੱਗੇ ਚੱਲਦੇ ਹਨ। ਸੁਰਗੀ ਸ਼ਹਿਰ ਵਿਚ ਪਹੁੰਣ ਤੇ ਉਹ ਪੁਕਾਰ ਉੱਠਦੇ ਹਨ: ''ਹੇ ਫਾਟਕੋ, ਆਪਣੇ ਸਿਰ ਉੱਚੇ ਕਰੋ, ਹੇ ਆਦਿ ਦਰਵਾਜਿਓ ਉੱਚੇ ਹੋ ਜਾਓ! ਤਾਂ ਜਲਾਲ ਦਾ ਬਾਦਸ਼ਾਹ ਅੰਦਰ ਆਵੇਗਾ!'' (ਆਇਤ 7)। ਸ਼ਹਿਰ ਦੇ ਅੰਦਰ ਰਹਿਣ ਵਾਲਿਆਂ ਨੇ ਪੁੱਛਿਆ, ''ਇਹ ਜਲਾਜ ਦਾ ਬਾਦਸ਼ਾਹ ਕੌਣ ਹੈ?''

(ਆਇਤ 8ੳ)। ਯਿਸੂ ਦੇ ਨਾਲ ਨਾਲ ਚਲ ਰਹੇ ਫ਼ਰਿਸ਼ਤਿਆਂ ਨੇ ਪੁਕਾਰਿਆ, ''ਯਹੋਵਾਹ ਸਮਰਥੀ ਅਰ ਬਲੀ, ਯਹੋਵਾਹ ਜੋ ਯੁੱਧ ਵਿਚ ਬਲੀ ਹੈ'' (ਆਇਤ 8ਅ)। ਉਹ ਫੇਰ ਪੁਕਾਰਨ ਲੱਗੇ, ''ਹੇ ਫਾਟਕੋ, ਆਪਣੇ ਸਿਰ ਉੱਚੇ ਕਰੋ, ਹੇ ਆਦਿ ਦਰਵਾਜ਼ਿਓ, ਉੱਚੇ ਹੋ ਜਾਓ! ਤਾਂ ਜਲਾਲ ਦਾ ਬਾਦਸ਼ਾਹ ਅੰਦਰ ਆਵੇਗਾ!'' (ਆਇਤ 9)। ਇਕ ਵਾਰ ਫੇਰ ਸ਼ਹਿਰ ਵਾਲਿਆਂ ਨੇ ਪੁੱਛਿਆ, ''ਇਹ ਜਲਾਲ ਦਾ ਬਾਦਸ਼ਾਹ ਕੌਣ ਹੈ?'' (ਆਇਤ 10ੳ)। ਇਸ ਵਾਰ ਫੇਰ ਯਿਸੂ ਦੇ ਨਾਲ ਨਾਲ ਚੱਲਣ ਵਾਲਿਆਂ ਨੇ ਇਹ ਗੀਤ ਗਾਇਆ: ''ਸੈਨਾ ਦਾ ਯਹੋਵਾਹ ਉਹੋ ਜਲਾਲ ਦਾ ਬਾਦਸ਼ਾਹ ਹੈ'' (ਆਇਤ 10ਅ)।

ਯਿਸੂ ਦੇ ਸੁਰਗ ਦੇ ਫਾਟਕਾਂ ਵਿਚ ਦਾਖ਼ਲ ਹੋਣ ਤੇ ਉਸ ਨੂੰ ਉਸੇ ਤੇਜ ਵਿਚ ਵਾਪਸ ਲੈ ਲਿਆ ਗਿਆ ਜੋ ''ਜਗਤ ਦੇ ਹੋਣ ਤੋਂ ਅੱਗੇ'' (ਯੂਹੰਨਾ 17:5) ਪਿਤਾ ਨਾਲ ਉਸ ਦਾ ਸੀ।

> ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ।[12] ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਮੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ। ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ! (ਫ਼ਿਲਿੱਪੀਆਂ 2:9–11)।

ਸੁਰਗ ਦੀਆਂ ਸਭ ਫ਼ੌਜਾਂ ਉਸ ਦੀ ਤਾਰੀਫ਼ ਗਾਉਣ ਲੱਗੀਆਂ ਕਿਉਂ ਜੋ ਬੇਦਾਗ ਲੇਲਾ ਮਨੁੱਖ ਜਾਤੀ ਦੇ ਪਾਪਾਂ ਲਈ ਵੱਢਿਆ ਗਿਆ ਸੀ (ਵੇਖੋ 1 ਪਤਰਸ 1:18, 19)। ਯੂਹੰਨਾ ਨੇ ਲਿਖਿਆ:

> ਤਾਂ ਮੈਂ ਡਿੱਠਾ ਅਤੇ ਸਿੰਘਾਸਣ, ਉਨ੍ਹਾਂ ਜੰਤੂਆਂ, ਅਤੇ ਬਜ਼ੁਰਗਾਂ ਦੇ ਦੁਆਲੇ ਬਹੁਤਿਆਂ ਦੂਤਾਂ ਦੀ ਅਵਾਜ਼ ਸੁਣੀ ਅਤੇ ਉਨ੍ਹਾਂ ਦੀ ਗਿਣਤੀ ਲੱਖਾਂ ਅਤੇ ਕਰੋੜਾਂ ਸੀ। ਅਤੇ ਓਹ ਵੱਡੀ ਅਵਾਜ਼ ਨਾਲ ਇਹ ਆਖਦੇ ਸਨ, ਲੇਲਾ ਜਿਹੜਾ ਕੋਹਿਆ ਗਿਆ ਸੀ ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, ਮਹਿਮਾ ਅਤੇ ਧੰਨਵਾਦ ਲੈਣ ਦੇ ਜੋਗ ਹੈ! (ਪ੍ਰਕਾਸ਼ ਦੀ ਪੋਥੀ 5:11, 12)।

ਫਿਰ ਖ਼ੁਦਾ ਨੇ ''ਸੁਰਗੀ ਥਾਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ'' (ਅਫ਼ਸੀਆਂ 1:20)।

**ਮਹਾਂਯਾਜਕ ਦੇ ਰੂਪ ਵਿਚ**

ਉੱਪਰ ਉਠਾਏ ਜਾਣ ਵੇਲੇ ਯਿਸੂ ਸਾਡਾ *ਮਹਾਂ ਯਾਜਕ* ਬਣ ਗਿਆ। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਕਿਹਾ ਹੈ ਕਿ ''ਸਾਡਾ ਇਕ ਮਹਾਂ ਪਰਧਾਨ ਜਾਜਕ ਹੈ ਜਿਹੜਾ ਅਕਾਸ਼ਾਂ ਤੋਂ ਪਾਰ ਲੰਘ ਗਿਆ[13] ਅਰਥਾਤ ਪਰਮੇਸ਼ੁਰ ਦਾ ਪੁੱਤਰ ਯਿਸੂ'' (ਇਬਰਾਨੀਆਂ 4:14)।

ਪੁਰਾਣੇ ਨੇਮ ਵਿਚ, ਸਾਲ ਵਿਚ ਇਕ ਵਾਰ ਭਾਵ ਪ੍ਰਾਸਚਿਤ ਵਾਲੇ ਦਿਨ ਮਹਾਂਯਾਜਕ ਆਪਣੇ ਅਤੇ ਲੋਕਾਂ ਦੇ ਪਾਪਾਂ ਦੇ ਪ੍ਰਾਸਚਿਤ ਲਈ ਜਾਨਵਰਾਂ ਦਾ ਲਹੂ ਲੈ ਕੇ ਅਤਿ ਪਵਿੱਤਰ ਥਾਂ ਵਿਚ ਜਾਂਦਾ ਸੀ (ਵੇਖੋ ਲੇਵੀਆਂ ਦੀ ਪੋਥੀ 16:2–34)। ਸਾਡੇ ਮਹਾਂਯਾਜਕ ਦੇ ਰੂਪ ਵਿਚ, ਯਿਸੂ ਸੁਰਗ ਵਿਚ ਵਾਪਸ ਗਿਆ ਤਾਂ ਉਹ ਬਿਲਕੁਲ ਉਵੇਂ ਹੀ ਭਾਵ *ਸਾਡੇ* ਪਾਪਾਂ ਦੇ ਪ੍ਰਾਸਚਿਤ ਵਿਚ ਆਪਣਾ ਲਹੂ ਲੈ ਕੇ ਗਿਆ। ਇਸ ਬਾਰੇ ਇਬਰਾਨੀਆਂ ਦੀ ਕਿਤਾਬ ਕਹਿੰਦੀ ਹੈ:

> ਪਰ ਜਾਂ ਮਸੀਹ ਆਉਣ ਵਾਲੀਆਂ ਉੱਤਮ ਵਸਤਾਂ ਦਾ ਪਰਧਾਨ ਜਾਜਕ ਹੋ ਕੇ ਆਇਆ ਤਾਂ ... ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ ਸਦੀਪਕ ਨਿਸਤਾਰਾ ਕਮਾ ਕੇ ਇੱਕੋ ਵਾਰ ਅੰਦਰ ਗਿਆ (9:11, 12)।

> ਕਿਉਂ ਜੋ ਮਸੀਹ ਹੱਥਾਂ ਦੇ ਬਣਾਏ ਹੋਏ ਪਵਿੱਤਰ ਅਸਥਾਨ ਵਿਚ ਜਿਹੜਾ ਅਸਲ ਦੀ ਨਕਲ ਹੈ ਨਹੀਂ ਗਿਆ ਸਗੋਂ ਸੁਰਗ ਵਿਚ ਹੀ ਗਿਆ ਭਈ ਹੁਣ ਸਾਡੇ ਲਈ ਪਰਮੇਸ਼ੁਰ ਦੇ ਸਨਮੁਖ ਪੇਸ਼ ਹੋਵੇ (9:24)।

> ਪਰ ਏਹ ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ ਚੜ੍ਹਾ ਕੇ ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ (10:12)।

ਯਿਸੂ ਦੇ ਮਹਾਂਯਾਜਕ ਹੋਣ ਦੀ ਇਕ ਹੋਰ ਖ਼ਾਸ ਗੱਲ ਇਹ ਹੈ ਕਿ ਉਹ ਸਾਡਾ ਵਿਚੋਲਾ ਹੈ। ਪੌਲੁਸ ਨੇ ਲਿਖਿਆ ਹੈ, ''ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ'' (1 ਤਿਮੋਥਿਉਸ 2:5)। ਇਸ ਇੰਤਜ਼ਾਮ ਦਾ ਇਕ ਅਨੋਖਾ ਪਹਿਲੂ ਇਹ ਹੈ ਕਿ ਮਹਾਂਯਾਜਕ ਦੇ ਰੂਪ ਵਿਚ ਯਿਸੂ *ਹਮਦਰਦੀ ਰੱਖਣ ਵਾਲਾ* ਹੈ:

> ਕਿਉਂ ਜੋ ਸਾਡਾ ਪਰਧਾਨ ਜਾਜਕ ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿਚ ਸਾਡਾ ਦਰਦੀ ਨਾ ਹੋ ਸੱਕੇ ਸਗੋਂ ਸਾਰੀਆਂ ਗੱਲਾਂ ਵਿਚ ਸਾਡੇ ਵਾਂਙੁ ਪਰਤਾਇਆ ਗਿਆ ... ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ (ਇਬਰਾਨੀਆਂ 4:15, 16)।

ਸ਼ਾਇਦ ਇਹ ਇਕ ਕਾਰਣ ਹੈ ਕਿ ਯਿਸੂ ਲਈ *ਦੇਹ ਰੂਪ* ਵਿਚ ਸੁਰਗ ਵਿਚ ਉਠਾਇਆ ਜਾਣਾ ਕਿਉਂ ਜ਼ਰੂਰੀ ਸੀ। ਕਿਹਾ ਜਾਂਦਾ ਹੈ ਕਿ ਉਹ ਯਿਸੂ ਜੋ *ਮਨੁੱਖ* ਹੈ, ਦਾ ਯੋਗਦਾਨ ਹਮੇਸ਼ਾ ਰਹੇਗਾ। 1 ਤਿਮੋਥਿਉਸ 2:5 ਵਿਚ ''ਮਨੁੱਖ'' ਸ਼ਬਦ ਤੇ ਧਿਆਨ ਦਿਓ: ''... ਪਰਮੇਸ਼ੁਰ ਅਤੇ ਮਨੁੱਖਾਂ ਵਿਚ ਇੱਕੋ ਵਿਚੋਲਾ ਹੈ ਜਿਹੜਾ ਆਪ *ਮਨੁੱਖ* ਹੈ ਅਰਥਾਤ ਮਸੀਹ ਯਿਸੂ।'' ''ਮਾਰਸ ਦੀ ਪਹਾੜੀ ਵਾਲੇ ਉਪਦੇਸ਼'' ਵਿਚ ਪੌਲੁਸ ਨੇ ਅਜਿਹੀ ਹੀ ਭਾਸ਼ਾ ਵਰਤੀ ਸੀ ਕਿ ਖ਼ੁਦਾ ਨੇ ''ਇਕ ਦਿਨ ਠਹਿਰਾ ਛੱਡਿਆ ਹੈ ਜਿਹ ਦੇ ਵਿਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ ਓਸ ਮਨੁੱਖ ਦੇ ਰਾਹੀਂ ਜਿਹ ਨੂੰ ਉਸ ਨੇ ਠਹਿਰਾਇਆ ਅਤੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲ ਕੇ ਇਹ ਗੱਲ ਸਭਨਾਂ ਉੱਤੇ ਸਾਬਤ ਕਰ ਦਿੱਤੀ ਹੈ'' (ਰਸੂਲਾਂ ਦੇ ਕੰਮ 17:31)। ਪ੍ਰਕਾਸ਼ ਦੀ ਪੋਥੀ 4 ਅਤੇ 5 ਵਾਲੇ ਸਿੰਘਾਸਣ ਦੇ ਦ੍ਰਿਸ਼ ਵਿਚ ''ਲੇਲਾ'' (ਯਿਸੂ) ਸਿੰਘਾਸਣ ਦੇ ਸਾਹਮਣੇ ਇਵੇਂ ਖੜਾ ਹੈ ''ਲੇਲੇ ਨੂੰ ਜੋ ਮੰਨੋ ਕੋਹਿਆ ਗਿਆ'' ਹੋਵੇ (ਪ੍ਰਕਾਸ਼ ਦੀ ਪੋਥੀ 5:6)। ਜਿਸ ਤੋਂ ਕੁਝ ਲੇਖਕਾਂ ਨੂੰ ਇਸ ਸੰਭਾਵਨਾ ਦਾ ਸੰਕੇਤ ਮਿਲਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ, ਸੁਰਗ ਵਿਚ ਵੀ ਉਹ ਸਲੀਬ ਦਿੱਤੇ ਗਏ ਨਿਸ਼ਾਨਾਂ ਨੂੰ ਕਾਇਮ ਰੱਖਦਾ ਹੈ।

ਯਿਸੂ ਦੇ ਉੱਪਰ ਉਠਾਏ ਜਾਣ ਦੇ ਬਾਅਦ ਯਿਸੂ ਨੇ ਇਹ ਨਹੀਂ ਭੁਲਾਇਆ ਕਿ ਦੇਹ ਕਿੰਨੀ ਕਮਜ਼ੋਰ ਹੈ ਜਾਂ ਤੁਹਾਨੂੰ ਅਤੇ ਮੈਨੂੰ ਸਰੀਰਕ ਦੇਹਾਂ ਵਿਚ ਕਿੰਨੀ ਜਦੋ ਜਹਿਦ ਕਰਨੀ ਪੈਂਦੀ ਹੈ। ਸਾਡੇ ਮਹਾਂਯਾਜਕ ਦੇ ਰੂਪ ਵਿਚ ਉਹ ਇਹ ਸਭ ਕੁਝ ਯਾਦ ਰੱਖਦਾ ਅਤੇ ਸਮਝਦਾ ਹੈ![14]

### ਰਾਜੇ ਦੇ ਰੂਪ ਵਿਚ

ਯਿਸੂ ਸਚਮੁਚ ਸਾਡਾ ਮਹਾਂਯਾਜਕ ਬਣਿਆ; ਪਰ ''ਵਡਿਆਈ ਪਾਈ'' ਸ਼ਬਦ ਸੁਣ ਕੇ ਸਾਨੂੰ ਲਗ ਸਕਦਾ ਹੈ ਕਿ ਉਸ ਨੂੰ *ਰਾਜੇ* ਵਾਂਗ ਤਾਜ ਪੁਆਇਆ ਗਿਆ ਸੀ। ਜਿਵੇਂ ਪਹਿਲਾਂ ਕਿਹਾ ਗਿਆ ਸੀ ਕਿ ''ਪ੍ਰਭੂ ... ਅਕਾਸ਼ ਉੱਤੇ ਉਠਾ ਲਿਆ ਗਿਆ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਜਾ ਬੈਠਾ'' (ਮਰਕੁਸ 16:19)। ਬਾਰ ਬਾਰ ਬਾਈਬਲ ਵਿਚ ਇਸ ਗੱਲ ਦਾ ਐਲਾਨ ਹੈ ਕਿ ਮਸੀਹ ਹੁਣ ਖ਼ੁਦਾ

ਦੇ ਸੱਜੇ ਹੱਥ ਹੈ। ਇਸਤੀਫ਼ਾਨ ਨੇ ਮਰਦੇ ਹੋਏ ''ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ ਅਕਾਸ਼ ਦੀ ਵੱਲ ਨਜ਼ਰ ਲਾਈ ਹੋਈ ਪਰਮੇਸ਼ੁਰ ਦਾ ਤੇਜ ਅਤੇ ਯਿਸੂ ਨੂੰ ਪਰਮੇਸ਼ੁਰ ਦੇ ਸੱਜੇ ਹੱਥ ਖੜਾ ਵੇਖਿਆ। ਅਤੇ ਕਿਹਾ, ਵੇਖੋ ਮੈਂ ਅਕਾਸ਼ ਨੂੰ ਖੁੱਲ੍ਹਾ ਅਤੇ ਮਨੁੱਖ ਦੇ ਪੁੱਤਰ ਨੂੰ ਪਰਮੇਸ਼ੁਰ ਦੇ ਸੱਜੇ ਹੱਥ ਖੜਾ ਵੇਖਦਾ ਹਾਂ!'' (ਰਸੂਲਾਂ ਦੇ ਕੰਮ 7:55, 56)।[15] ਪੌਲੁਸ ਨੇ ਸਭ ਮਸੀਹੀ ਲੋਕਾਂ ਨੂੰ ਬੇਨਤੀ ਕੀਤੀ ਕਿ ''ਉਤਾਹਾਂ ਦੀਆਂ ਗੱਲਾਂ ਦੇ ਮਗਰ ਲੱਗੇ ਰਹੋ ਜਿੱਥੇ ਮਸੀਹ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ'' (ਕੁਲੁੱਸੀਆਂ 3:1)। ਪਤਰਸ ਨੇ ਯਿਸੂ ਮਸੀਹ ਦੇ ਬਾਰੇ ਲਿਖਿਆ ਜਿਹੜਾ ''ਸੁਰਗ ਵਿਚ ਜਾ ਕੇ ਪਰਮੇਸ਼ੁਰ ਦੇ ਸੱਜੇ ਹੱਥ ਹੈ ਅਤੇ ਦੂਤ ਅਤੇ ਇਖ਼ਤਿਆਰ ਵਾਲੇ ਅਤੇ ਸ਼ਕਤੀ ਵਾਲੇ ਉਹ ਦੇ ਅਧੀਨ ਕੀਤੇ ਹੋਏ ਹਨ'' (1 ਪਤਰਸ 3:21, 22)।

ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਇਸ ਸਬੂਤ ਦੇ ਤੌਰ ਤੇ ਕਿ ਯਿਸੂ ਖ਼ੁਦਾ ਦੇ ਸੱਜੇ ਹੱਥ ਬੈਠਾ ਹੈ ਅਤੇ ਉਸ ਨੂੰ ਪ੍ਰਭੂ ਦੇ ਰੂਪ ਵਿਚ ਤਾਜ ਪੁਆ ਦਿੱਤਾ ਗਿਆ ਹੈ, ਉਸ ਦਿਨ ਦੇ ਮੋਅਜਜ਼ਿਆਂ ਦੇ ਦ੍ਰਿਸ਼ਾਂ ਅਤੇ ਗੂੰਜ ਦੀ ਵਰਤੋਂ ਕੀਤੀ:

> ਸੋ ਪਰਮੇਸ਼ੁਰ ਦੇ ਸੱਜੇ ਹੱਥ ਕੋਲ ਅੱਤ ਉੱਚਾ ਹੋ ਕੇ ਅਰ ਪਿਤਾ ਤੋਂ ਪਵਿੱਤਰ ਆਤਮਾ ਦਾ ਕਰਾਰ ਪਾ ਕੇ ਉਸ ਨੇ ਇਹ ਜੋ ਤੁਸੀਂ ਵੇਖਦੇ ਅਤੇ ਸੁਣਦੇ ਹੋ[16] ਵਹਾ ਦਿੱਤਾ। ਕਿਉਂ ਜੋ ਦਾਊਦ ਅਕਾਸ਼ ਉੱਤੇ ਨਾ ਗਿਆ ਪਰ ਉਹ ਆਪੇ ਕਹਿੰਦਾ ਹੈ, ਪ੍ਰਭੂ ਨੇ ਮੇਰੇ ਪ੍ਰਭੂ ਨੂੰ ਆਖਿਆ, ਤੂੰ ਮੇਰੇ ਸੱਜੇ ਪਾਸੇ ਬੈਠ, ਜਦ ਤੀਕਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ। ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ ਕਿ ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇਸ਼ੁਰ ਨੇ ਓਸੇ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ (ਰਸੂਲਾਂ ਦੇ ਕੰਮ 2:33–36)।

ਪੌਲੁਸ ਨੇ ਲਿਖਿਆ ਕਿ ਖ਼ੁਦਾ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ:

> ... ਸੁਰਗੀ ਥਾਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ। ਉਹ ਹਰੇਕ ਹਕੂਮਤ, ਇਖ਼ਤਿਆਰ, ਕੁਦਰਤ, ਰਿਆਸਤ, ਅਤੇ ਹਰੇਕ ਨਾਉਂ ਦੇ ਉਤਾਹਾਂ ਹੈ ਜੋ ਨਾ ਕੇਵਲ ਇਸ ਜੁੱਗ ਵਿਚ ਸਗੋਂ ਆਉਣ ਵਾਲੇ ਜੁੱਗ ਵਿਚ ਵੀ ਲਈਦਾ ਹੈ। ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ਅਤੇ *ਸਭਨਾਂ ਵਸਤਾਂ* ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸੀਆ ਲਈ ਦੇ ਦਿੱਤਾ (ਅਫ਼ਸੀਆਂ 1:20–22)।

ਗੱਦੀ ਤੇ ਆਪਣੇ ਪਿਤਾ ਨਾਲ ਸਾਂਝੇ ਹਾਕਮ ਰਾਜੇ ਦੇ ਰੂਪ ਵਿਚ ਬੈਠਣ ਲਈ ਮਸੀਹ ਨੂੰ ਤਾਜ ਪੁਆਉਣ ਦਾ ਮੌਕਾ ਕਿੰਨਾ ਜ਼ਬਰਦਸਤ ਹੋਵੇਗਾ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਦਾਨੀਏਲ 7 ਵਿਚ ਨਬੀ ਦਾ ਰਾਤ ਦਾ ਦਰਸ਼ਣ ਯਿਸੂ ਦੀ ਤਾਜਪੋਸ਼ੀ ਨੂੰ ਹੀ ਵਿਖਾਉਂਦਾ ਹੈ:

> ਮੈਂ ਰਾਤ ਦੀਆਂ ਦ੍ਰਿਸ਼ਟੀਆਂ ਵਿਚ ਡਿੱਠਾ ਅਤੇ ਵੇਖੋ, ਇਕ ਜਣਾ ਮਨੁੱਖ ਦੇ ਪੁੱਤਰ *[ਯਿਸੂ]* ਵਰਗਾ ਅਕਾਸ਼ ਦੇ ਬੱਦਲਾਂ ਸਣੇ ਆਇਆ, ਅਤੇ ਅਤ ਪਰਾਚੀਨ *[ਪਰਮੇਸ਼ੁਰ]* ਤੀਕ ਅੱਪੜਿਆ ਅਤੇ ਉਹ *[ਯਿਸੂ]* ਨੂੰ ਉਸ ਦੇ ਅੱਗੇ ਲਿਆਏ। ਬਾਦਸ਼ਾਹੀ ਅਰ ਪਰਤਾਪ ਅਰ ਰਾਜ *[ਕਲੀਸੀਆ]* ਉਹਨੂੰ ਦਿੱਤਾ ਗਿਆ, ਭਈ ਸੱਭੇ ਕੌਮਾਂ ਅਰ ਲੋਕ ਅਰ ਬੋਲੀਆਂ ਉਹਦੀ ਟਹਿਲ ਕਰਨ। ਉਹਦਾ ਰਾਜ ਸਦਾ ਦਾ ਰਾਜ ਹੈ, ਜਿਹੜਾ ਮਿਟੇਗਾ ਨਾ, ਅਤੇ ਉਹਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ (ਦਾਨੀਏਲ 7:13, 14)।[17]

ਉੱਪਰ ਉਠਾਏ ਜਾਣ ਤੋਂ ਥੋੜੀ ਦੇਰ ਪਹਿਲਾਂ ਯਿਸੂ ਨੇ ''ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ'' ਉਸ ਨੂੰ ਦੇ ਦਿੱਤੇ ਜਾਣ ਦਾ ਦਾਅਵਾ ਕੀਤਾ ਸੀ (ਮੱਤੀ 28:18)। ਸਭ ਤੋਂ ਵੱਧ ਕੇ ਸਿਰਫ਼ ''ਇੱਕੋ ਪ੍ਰਭੂ'' (ਅਫ਼ਸੀਆਂ 4:5) ਸਭ ਦੇ ਉੱਤੇ ਹੈ ਅਤੇ ਉਹ ਯਿਸੂ ਹੈ।[18] ਉੱਪਰ ਉਠਾਇਆ ਜਾਣਾ ਸਾਨੂੰ ਇਸ ਮਹਾਨ ਸਚਿਆਈ ਦਾ ਯਕੀਨ ਦੁਆਉਂਦਾ ਹੈ!

## ਚੇਲਿਆਂ ਦੀ ਤਿਆਰੀ

ਮੈਂ ਪਹਿਲਾਂ ਕਿਹਾ ਸੀ ਕਿ ਸੁਰਗ ਤੇ ਯਿਸੂ ਦਾ ਉਠਾਇਆ ਜਾਣਾ ਯਕੀਨਨ ਹੀ ਧਰਤੀ ਉਤਲੀ ਉਸ ਦੀ ਸੇਵਕਾਈ ਦੇ ਸਬੰਧ ਵਿਚ ਯਿਸੂ ਲਈ ਸਭ ਤੋਂ ਰੋਮਾਂਚ ਭਰਿਆ ਦਿਨ ਹੋਵੇਗਾ। ਪਰ ਸੁਰਗ ਤੇ ਉਠਾਇਆ ਜਾਣਾ ਸਿਰਫ਼ ਉਸਦੇ ਹੀ ਫ਼ਾਇਦੇ ਲਈ ਨਹੀਂ ਸੀ, ਕਿਉਂਕਿ ਇਸ ਦੀ ਚੇਲਿਆਂ ਲਈ ਵੀ ਬੜੀ ਖ਼ਾਸ ਥਾਂ ਸੀ। ਮਹਾਨ ਵਿਦਾਈ ਸੰਦੇਸ਼ ਵਿਚ ਮਸੀਹ ਨੇ ਉਨ੍ਹਾਂ ਨੂੰ ਦੱਸਿਆ ਸੀ, ''... ਮੇਰਾ ਜਾਣਾ ਹੀ *ਤੁਹਾਡੇ* ਲਈ ਚੰਗਾ ਹੈ'' (ਯੂਹੰਨਾ 16:7ੳ)।

### ਜ਼ਿੰਮੇਵਾਰੀ ਅੱਗੇ ਦੇ ਦਿੱਤੀ ਗਈ

ਯਿਸੂ ਨੇ ਆਪਣੇ ਰਸੂਲਾਂ ਨੂੰ ਦੱਸਿਆ ਸੀ ਕਿ ਉਹ ਜਾ ਰਿਹਾ ਹੈ ਅਤੇ ਉਸ ਦੀ ਥਾਂ ਉਨ੍ਹਾਂ ਨੇ ਕੰਮ ਕਰਨਾ ਸੀ। ਉਸ ਨੇ ਉਨ੍ਹਾਂ ਨੂੰ ਦੱਸਿਆ, ''ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ ਤੁਹਾਨੂੰ ਘੱਲਦਾ ਹਾਂ'' (ਯੂਹੰਨਾ 20:21)। ਉਸ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ, ''ਤੁਸੀਂ ... ਧਰਤੀ ਦੇ ਬੰਨੇ ਤੀਕਰ ਮੇਰੇ ਗਵਾਹ ਹੋਵੋਗੇ'' (ਰਸੂਲਾਂ ਦੇ ਕੰਮ 1:8)।

ਇਕ ਪਲ ਲਈ ਆਪਣੇ ਆਪ ਨੂੰ ਰਸੂਲਾਂ ਦੀ ਥਾਂ ਰੱਖੋ। ਪ੍ਰਭੂ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਹ ਉਨ੍ਹਾਂ ਨੂੰ ਛੱਡ ਜਾਵੇਗਾ, ਪਰ ਇਹ ਪਤਾ ਨਹੀਂ ਸੀ ਕਿ ਕਦੋਂ, ਕਿੱਥੇ ਅਤੇ ਕਿਵੇਂ। ਚਾਲੀ ਦਿਨਾਂ ਦੌਰਾਂਨ ਜਦ ਵੀ ਉਹ ਉਹਦੇ ਨਾਲ ਹੁੰਦੇ ਸਨ, ਉਹ ਹੈਰਾਨ ਹੁੰਦੇ ਹੋਣਗੇ, ''ਭਲਾ ਹੁਣੇ? ਭਲਾ ਇੱਥੇ ਹੀ?'' ਪਰ ਅਖ਼ੀਰ ਵਿਚ ਉਹ ਹੱਕੇ ਬੱਕੇ ਰਹਿ ਕੇ ਵੇਖਦੇ ਰਹਿ ਗਏ, ਜਦ ਉਸ ਨੂੰ ਅਸਮਾਨ ਤੇ ਉਠਾ ਲਿਆ ਗਿਆ। ਜਦ ਉਹ ਬਦਲਾਂ ਵਿਚ ਲੁਕ ਗਿਆ ਤਾਂ ਕੋਈ ਸਵਾਲ ਨਹੀਂ ਰਹਿ ਗਿਆ ਸੀ। ਉਹ ਤਾਂ *ਚਲਿਆ ਗਿਆ* ਸੀ, ਉਹ ਸਚਮੁਚ ਚਲਿਆ ਗਿਆ ਸੀ।[19] ਜ਼ਿੰਮੇਵਾਰੀ ਹੁਣ ਉਨ੍ਹਾਂ ਨੂੰ ਦੇ ਦਿੱਤੀ ਸੀ।

ਮਨ ਵਿਚ ਕਈ ਰੂਪਕ ਆਉਂਦੇ ਹਨ। ਇਕ ਤਾਂ ਕੁਦਰਤ ਦਾ ਹੀ ਰੂਪਕ ਹੈ। ਸੁਰਗ ਤੇ ਉਸ ਦਾ ਉਠਾਇਆ ਜਾਣਾ ਮਾਦਾ ਪੰਛੀ ਦਾ ਆਲ੍ਹਣੇ ਵਿੱਚੋਂ ਬੱਚਿਆਂ ਨੂੰ ਛੱਡ ਕੇ ਇਹ ਕਹਿ ਕੇ ਜਾਣ ਵਾਂਗ ਹੈ, ''ਹੁਣ ਤੁਹਾਨੂੰ ਆਪਣੇ ਪੈਰਾਂ ਤੇ ਆਪੇ ਖਲੋਣਾ ਪੈਣਾ ਹੈ!'' ਕਲੀਸੀਆ ਦੀ ਜ਼ਿੰਦਗੀ ਤੋਂ ਇਕ ਹੋਰ ਉਦਾਹਰਣ, ਉੱਪਰ ਉਠਾਇਆ ਜਾਣਾ ਇਕ ਮਿਸ਼ਨਰੀ ਦਾ ਮੰਡਲੀ ਨੂੰ ਇਹ ਦੱਸਣ ਵਾਂਗ ਹੈ, ''ਮੈਂ ਘਰ ਵਾਪਸ ਜਾਣਾ ਹੈ; ਕਲੀਸੀਆ ਦਾ ਕੰਮ ਹੁਣ ਤੁਹਾਡੇ ਜ਼ਿੰਮੇ ਹੈ!''

### ਆਤਮਾ ਦਿੱਤਾ ਗਿਆ


ਉੱਪਰ ਉਠਾਏ ਜਾਣ ਨਾਲ ਰਸੂਲਾਂ ਲਈ ਸਿਰਫ਼ ਇਹੀ ਐਲਾਨ ਨਹੀਂ ਹੋਇਆ ਕਿ ਉਨ੍ਹਾਂ ਉੱਤੇ ਬਹੁਤ ਵੱਡੀ ਜ਼ਿੰਮੇਵਾਰੀ ਪਾ ਦਿੱਤੀ ਗਈ ਹੈ, ਬਲਕਿ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਖ਼ੁਦਾਈ ਮਦਦ ਪਾਉਣ ਲਈ ਵੀ ਇਸ ਦੀ ਲੋੜ ਸੀ। ਉਨ੍ਹਾਂ ਨੂੰ ਇਹ ਦੱਸਣ ਦੇ ਬਾਅਦ ਕਿ ਉਸ ਦਾ ਜਾਣਾ ਉਨ੍ਹਾਂ ਲਈ ਫ਼ਾਇਦੇਮੰਦ ਹੈ, ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਫ਼ਾਇਦੇਮੰਦ ਕਿਉਂ ਹੈ: ''ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਡੇ ਕੋਲ ਨਾ ਆਵੇਗਾ'' (ਯੂਹੰਨਾ 16:7ਅ)। ''ਸਹਾਇਕ'' ਜਿਸ ਦੀ ਉਸ ਨੇ ਗੱਲ ਕੀਤੀ ਸੀ, ਪਵਿੱਤਰ ਆਤਮਾ ਹੀ ਸੀ। ਉਹ ਆਤਮਾ ਨੂੰ ਉਨ੍ਹਾਂ ਉੱਤੇ ਉਦੋਂ ਤਕ ਨਹੀਂ ਭੇਜ ਸਕਦਾ ਸੀ ਜਦ ਤਕ ਉਹ ਰਾਜ ਨਾ ਕਰਦਾ, ਅਤੇ ਰਾਜ ਉਹ ਤਦ ਤਕ ਨਹੀਂ ਕਰ ਸਕਦਾ ਸੀ,

ਜਦ ਤਕ ਖ਼ੁਦਾ ਦੇ ਸੱਜੇ ਹੱਥ ਨਾ ਬੈਠਦਾ। ਉਸ ਨੇ ਆਖਿਆ, ''ਪਰ ਜੇ ਮੈਂ ਜਾਵਾਂ ਤਾਂ ਉਹਨੂੰ ਤੁਹਾਡੇ ਕੋਲ ਘਲ ਦਿਆਂਗਾ'' (ਯੂਹੰਨਾ 16:7ੲ)। ਅਤੇ '' ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ'' (ਯੂਹੰਨਾ 16:13ੳ)।

ਆਪਣੇ ਉੱਪਰ ਉਠਾਏ ਜਾਣ ਤੋਂ ਥੋੜਾ ਪਹਿਲਾਂ, ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ, ''ਅਤੇ ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕਰ ਤੁਸੀਂ ਉੱਪਰੋਂ ਸ਼ਕਤੀ ਨਾ ਪਾਓ ਸ਼ਹਿਰ ਵਿਚ ਰਹੋ'' (ਲੂਕਾ 24:49)। ਇਸ ਕਰਕੇ ਕਿ ਉਹ ਗਲਤ ਨਾ ਸਮਝਣ, ਉਸ ਨੇ ਹੋਰ ਕਿਹਾ, ''ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ'' (ਰਸੂਲਾਂ ਦੇ ਕੰਮ 1:8ੳ)। ਉਨ੍ਹਾਂ ਨੇ ਯਰੂਸ਼ਲਮ ਵਿਚ ਦਸ ਦਿਨਾਂ ਤਕ ਉਡੀਕ ਕੀਤੀ, ਅਤੇ ਫਿਰ ਯਹੂਦੀਆ ਦੇ ਪੈਂਟੀਕਾਸਟ ਨਾਮਕ ਪਰਵ ਵਾਲੇ ਦਿਨ ਪਵਿੱਤਰ ਆਤਮਾ ਉਨ੍ਹਾਂ ਉੱਤੇ ਕੁਦਰਤ ਨਾਲ ਆਇਆ:

> ਜਾਂ ਪੰਤੇਕੁਸਤ ਦਾ ਦਿਨ ਆਇਆ ਓਹ ਸਭ ਇਕ ਥਾਂ ਇਕੱਠੇ ਸਨ। ਅਰ ਅਚਾਨਕ ਅਕਾਸ਼ ਤੋਂ ਇਕ ਗੂੰਜ ਆਈ ਜਿਹੀ ਵੱਡੀ ਭਾਰੀ ਅਨ੍ਹੇਰੀ ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਓਹ ਬੈਠੇ ਸਨ ਭਰ ਗਿਆ। ਅਰ ਉਨ੍ਹਾਂ ਨੂੰ ਅੱਗ ਜਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਓਹ ਉਨ੍ਹਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ। ਤਦ ਓਹ ਸੱਭੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ (ਰਸੂਲਾਂ ਦੇ ਕੰਮ 2:1–4)।

ਜਿਵੇਂ ਕਿ ਪਹਿਲਾਂ ਧਿਆਨ ਦੁਆਇਆ ਗਿਆ ਹੈ ਕਿ ਪਤਰਸ ਨੇ ਉਸ ਦਿਨ ਦੇ ਮੋਅਜਜ਼ੇ ਨਾਲ ਹੋਣ ਵਾਲੇ ਮੁਜ਼ਾਹਰਿਆਂ ਦੀ ਵਰਤੋਂ ਇਸ ਸਬੂਤ ਦੇ ਰੂਪ ਵਿਚ ਕੀਤੀ ਕਿ ਯਿਸੂ ਸਚਮੁਚ ਰਾਜਾ ਬਣ ਚੁੱਕਿਆ ਹੈ: ''ਸੋ ਪਰਮੇਸ਼ੁਰ ਦੇ ਸੱਜੇ ਹੱਥ ਕੋਲ ਅੱਤ ਉੱਚਾ ਹੋ ਕੇ ਅਰ ਪਿਤਾ ਤੋਂ ਪਵਿੱਤਰ ਆਤਮਾ ਦਾ ਕਰਾਰ ਪਾ ਕੇ ਉਸ ਨੇ ਇਹ ਜੋ ਤੁਸੀਂ ਵੇਖਦੇ ਅਤੇ ਸੁਣਦੇ ਹੋ ਵਹਾ ਦਿੱਤਾ'' (ਰਸੂਲਾਂ ਦੇ ਕੰਮ 2:33)। ਤਰਤੀਬ ਉੱਤੇ ਧਿਆਨ ਦਿਓ: ਯਿਸੂ ਨੇ ਪਿਤਾ ਤੋਂ ਆਤਮਾ ਦਾ ਕਰਾਰ ਪਾਇਆ ਅਤੇ ਆਤਮਾ ਨੂੰ ਆਪਣੇ ਰਸੂਲਾਂ ਉੱਤੇ ਭੇਜ ਦਿੱਤਾ।




ਇਸ ਤਰ੍ਹਾਂ ਪ੍ਰਭੂ ਨੇ ਰਸੂਲਾਂ ਨੂੰ ਦਿੱਤੀ ਜਾਣ ਵਾਲੀ ਵੱਡੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਤਿਆਰ ਕੀਤਾ। ਪਵਿੱਤਰ ਆਤਮਾ ਦੀ ਅਗੁਵਾਈ ਵਿਚ ਪਤਰਸ ਨੇ ਪਹਿਲੀ ਵਾਰ ਇੰਜੀਲ ਦਾ ਭਰਪੂਰੀ ਨਾਲ ਪ੍ਰਚਾਰ ਕੀਤਾ (ਰਸੂਲਾਂ ਦੇ ਕੰਮ 2:14–36)। ਆਤਮਾ ਦੀ ਅਗਵਾਈ ਵਿਚ ਪਤਰਸ ਨੇ ਲੋਕਾਂ ਨੂੰ ਦੱਸਿਆ ਕਿ ਆਪਣੇ ਪਾਪਾਂ ਦੀ ਮਾਫ਼ੀ ਲਈ ਉਹ ਕੀ ਕਰਨ (ਰਸੂਲਾਂ ਦੇ ਕੰਮ 2:37, 38)। ਤਿੰਨ ਹਜ਼ਾਰ ਜਣਿਆਂ ਨੇ ਸੁਣ ਕੇ, ਵਿਸ਼ਵਾਸ ਲਿਆਂਦਾ ਅਤੇ ਹੁਕਮ ਮੰਨ ਕੇ ਬਚਾਏ ਗਏ (ਰਸੂਲਾਂ ਦੇ ਕੰਮ 2:41, 47)!

ਅੱਜ ਅਸੀਂ ਆਤਮਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਉਹੀ ਇੰਜੀਲ ਸੁਣ ਕੇ ਆਤਮਾ ਦੀ ਪ੍ਰੇਰਣਾ ਨਾਲ ਦਿੱਤੀਆਂ ਗਈਆਂ ਉਨ੍ਹਾਂ ਸਚਿਆਈਆਂ ਤੇ ਯਕੀਨ ਕਰਕੇ, ਆਤਮਾ ਦੀ ਪ੍ਰੇਰਣਾ ਨਾਲ ਦਿੱਤੇ ਗਏ ਹੁਕਮਾਂ ਨੂੰ ਮੰਨ ਕੇ, ਉਨ੍ਹਾਂ ਬਰਕਤਾਂ ਨੂੰ ਪਾ ਸਕਦੇ ਹਾਂ, ਜਿਨ੍ਹਾਂ ਬਾਰੇ ਅਸੀਂ ਆਤਮਾ ਦੀ ਪ੍ਰੇਰਣਾ ਨਾਲ ਦਿੱਤੇ ਗਏ ਵਚਨ ਵਿੱਚੋਂ ਪੜ੍ਹਦੇ ਹਾਂ। ਇਹ ਸਭ ਇਸ ਕਰਕੇ ਹੋਇਆ ਕਿਉਂਕਿ ਯਿਸੂ ''ਤੇਜ ਵਿਚ ਉਤਾਹਾਂ ਉਠਾ ਲਿਆ ਗਿਆ'' ਸੀ!

## ਸਾਰ

ਅਸੀਂ ਉਹ ਸਭ ਕੁਝ ਨਹੀਂ ਕਿਹਾ ਜੋ ਯਿਸੂ ਦੇ ਉੱਪਰ ਉਠਾਏ ਜਾਣ ਬਾਰੇ ਕਿਹਾ ਜਾ ਸਕਦਾ ਹੈ, ਪਰ ਮੈਨੂੰ ਉਮੀਦ ਹੈ ਕਿ ਸਾਡੇ ਵਿੱਚੋਂ ਹਰ ਕਿਸੇ ਨੂੰ ਧਰਤੀ ਤੇ ਮਸੀਹ ਦੀ ਜ਼ਿੰਦਗੀ ਦੇ ਅਖ਼ੀਰ ਦੀ ਇਸ ਸਿਖਰ ਹਾਲਤ ਨੂੰ ਸਮਝਣ ਲਈ ਐਨਾਂ ਹੀ ਕਾਫ਼ੀ ਹੈ। ਯਿਸੂ ਹੁਣ ਸੁਰਗ ਵਿਚ ਪਿਤਾ ਦੇ ਸੱਜੇ ਹੱਥ, ਆਪਣੇ ਰਾਜ ਭਾਵ ਕਲੀਸੀਆ ਉੱਤੇ ਹਕੂਮਤ ਕਰ ਰਿਹਾ ਹੈ, ਅਤੇ ਸਾਡੇ ਵਲੋਂ ਸਿਫ਼ਾਰਿਸ਼ ਕਰਦਾ ਹੈ। ਯਿਸੂ ਅਤੇ ਸਾਡੇ ਲਈ ਅਗਲੀ ਸਿਖਰ ਘਟਨਾ ਉਸ ਦਾ ਦੋਬਾਰਾ ਆਉਣਾ ਹੋਵੇਗਾ, ਜਦ ਵਿਸ਼ਵਾਸੀ ਲੋਕ ਬਦਲਾਂ ਉੱਤੇ ਉਸ ਨੂੰ ਮਿਲਣਗੇ। ਆਪਣੇ ਅਧਿਐਨ ਦੇ ਅੰਤ ਵਿਚ ਆ ਕੇ ਸਾਨੂੰ ਆਪਣੇ ਆਪ ਤੋਂ ਇਹ ਸਵਾਲ ਪੁੱਛਣ ਦੀ ਲੋੜ ਹੈ: ''ਕੀ ਅਸੀਂ ਪ੍ਰਭੂ ਦੀ ਦੂਜੀ ਆਮਦ ਲਈ *ਤਿਆਰ* ਹਾਂ?''

ਯਿਸੂ ਸੁਰਗ ਵਿਚ ਵਾਪਸ ਚਲਿਆ ਗਿਆ, ਤਾਂ ਜੋ ਉਸ ਨੂੰ ਰਾਜੇ ਦਾ ਤਾਜ ਪੁਆਇਆ ਜਾ ਸਕੇ। ਕੀ ਤੁਸੀਂ ਉਸ ਨੂੰ ਆਪਣੇ ਮਨ ਦਾ ਰਾਜਾ ਬਣਾ ਲਿਆ ਹੈ? ਕੀ ਤੁਸੀਂ ਉਸ ਨੂੰ ਆਪਣੀ ਜ਼ਿੰਦਗੀ ਦਾ ਪ੍ਰਭੂ ਮਨ ਕੇ ਹਲੀਮ ਹੋ ਕੇ ਹੁਕਮ ਮੰਨਣ ਵਿਚ ਆਪਣੇ ਆਪ ਨੂੰ ਉਸ ਨੂੰ ਦੇ ਦਿੱਤਾ ਹੈ (ਮਰਕੁਸ 16:15, 16; ਰਸੂਲਾਂ ਦੇ ਕੰਮ 2:37, 38)?[20] ਜੇ ਤੁਸੀਂ ਅਜੇ ਤਕ ਇਵੇਂ ਨਹੀਂ ਕੀਤਾ ਹੈ, ਤਾਂ ਮੇਰੀ ਦੁਆ ਹੈ ਕਿ ਤੁਸੀਂ ਅੱਜ ਹੀ ਉਸ ਨੂੰ ਆਪਣਾ ਪ੍ਰਭੂ ਮਨ ਲਵੋ। ਜੇ ਇਕ ਰੂਹ ਵੀ ਹੁਕਮ ਮੰਨਣ ਵਿਚ ਉਸ ਦੀ ਗੱਲ ਮੰਨਦੀ ਹੈ, ਤਾਂ ਇਨ੍ਹਾਂ ਪਾਠਾਂ ਨੂੰ ਤਿਆਰ ਕਰਨ ਵਿਚ ਲੱਗਾ ਸਮਾਂ ਅਤੇ ਮਿਹਨਤ ਬੇਕਾਰ ਨਹੀਂ ਜਾਵੇਗੀ। ਖ਼ੁਦਾ ਤੁਹਾਨੂੰ ਸਭ ਨੂੰ ਬਰਕਤ ਦੇਵੇ!

## ਨੋਟਸ

ਇਹ ਸਰਮਨ ਤਿਆਰ ਕਰਨ ਲਈ ਕਈ ਕਿਤਾਬਾਂ ਦਾ ਅਧਿਐਨ ਕੀਤਾ ਗਿਆ, ਪਰ ਮੇਰੇ ਮੂਲ ਨੋਟਸ ਮੁੱਖ ਤੌਰ ਤੇ *ਦ ਕ੍ਰਾਈਸਸ ਆਫ਼ ਦਾ ਕ੍ਰਾਈਸਟ* ਵਿਚ ਉੱਪਰ ਉਠਾਏ ਜਾਣ ਦੇ ਇਲਾਵਾ ਉਸ ਕਿਤਾਬ ਦੇ ਆਖ਼ਰੀ ਪਾਠਾਂ ਤੇ ਅਧਾਰਤ ਸਨ।[21] ਇਕ ਵਾਰ ਫੇਰ, ਜਿਸ ਨੂੰ ਸੇਹਰਾ ਦਿੱਤਾ ਜਾਣਾ ਚਾਹੀਦਾ ਸੀ, ਉਸ ਨੂੰ ਸਿਹਰਾ ਨਾ ਦਿੱਤੇ ਜਾਣ ਲਈ ਮੈਂ ਖਿਮਾਂ ਦਾ ਯਾਜਕ ਹਾਂ।

ਇਸ ਪਾਠ ਦੇ ਨਾਲ ਮੈਂ ਫ਼ਲਾਲੈਨ ਦੀ ਪੇਸ਼ਕਸ਼ ਦੀ ਵਰਤੋਂ ਕਰਦਾ ਹਾਂ, ਜਿਸ ਵਿਚ ਸਰਮਨ ਦੇ ਵੱਧਣ ਦੇ ਨਾਲ ਟੁਕੜੇ ਜੋੜ ਲੈਂਦਾ ਹਾਂ। ਬੋਰਡ ਦੇ ਖੱਬੇ ਪਾਸੇ ਉੱਪਰ ਉਠਾਏ ਜਾਣ ਦੀ ਗੱਲ ਮੁੱਖ ਰਹਿੰਦੀ ਹੈ, ਜਦਕਿ ਸੱਜੇ ਪਾਸੇ ਚੇਲਿਆਂ ਨੂੰ ਵਿਖਾਇਆ ਜਾਂਦਾ ਹੈ। ''ਮਸੀਹ ਦਾ ਉੱਪਰ ਉਠਾਇਆ ਜਾਣਾ'' ਚਾਰਟ ਵਿਚ ਵਿਖਾਇਆ ਗਿਆ ਹੈ ਕਿ ਕਿਵੇਂ ਪੂਰਾ ਹੋਣ ਤੇ ਮੂਲ ਪੇਸ਼ਕਸ਼ ਲਗਦੀ ਹੈ। ਕਾਰੋਬਾਰੀ ਫਲਾਲੈਨ ਦੇ ਗ੍ਰਾਫ਼ ਦੇ ਪੈਕਟ (1/4 ਇੰਚ ਵਾਲੇ ਬਾਡਰਾਂ ਵਾਲੇ) ਦੇ ਟੁਕੜੇ ਉਦਾਹਰਣਾਂ ਲਈ ਵਰਤੇ ਗਏ। ਪਰ ਤੁਸੀਂ ਆਸਾਨ ਉਦਾਹਰਣ (ਚਾਰਟ ਤੇ ਵਿਖਾਏ ਵਾਂਗ) ਗੱਤੇ ਤੇ ਬਣਾ ਸਕਦੇ ਹੋ। ਚਾਰਟ ਕਿਸੇ ਬੋਰਡ ਤੇ ਵੀ ਬਣਾਇਆ ਜਾ ਸਕਦਾ ਹੈ। ਇਸ ਸਰਮਨ ਦਾ ਤਰੀਕਾ ਵਿਸ਼ੇਵਾਰ ਬਹੁਤਾ ਹੈ। ਤੁਸੀਂ ਉੱਪਰ ਉਠਾਏ ਜਾਣ ਤੇ ਮੁੱਖ ਹਵਾਲੇ ਦਸ ਸਕਦੇ ਹੋ।


ਟਿੱਪਣੀਆਂ

[1]ਇਹ ਸਿਰਲੇਖ 1 ਤਿਮੋਥਿਉਸ 3:16 ਤੋਂ ਲਿਆ ਗਿਆ ਹੈ। [2]ਲੂਕਾ 24:39 ਇਸ ਕਿਤਾਬ ਵਿਚ ਪਹਿਲਾਂ ਆਇਆ ਲੇਖ ''ਯਿਸੂ ਦੀ ਜੀ ਉੱਠੀ ਦੇਹ'' ਵੇਖੋ [3]''... ਜਿਨ੍ਹਾਂ ਚਿਰ ਚੀਜ਼ਾਂ ਦੇ ਸੁਧਾਰੇ ਜਾਣ ਦਾ ਸਮਾਂ ਨਾ ਆਵੇ'' ਵਾਕ ਅੰਸ਼ ਯਿਸੂ ਵੱਲੋਂ ਵਾਪਸ ਆਉਣ ਤੇ ਜਿਸਮਾਨੀ ਨਹੀਂ ਬਲਕਿ ਰੂਹਾਨੀ ਸਭ ਚੀਜ਼ਾਂ ਨੂੰ ਸੁਧਾਰ ਦੇ ਅਰਥ ਵਿਚ ਹੈ। [4]ਯਿਸੂ ਦੇ ਉੱਪਰ ਉਠਾਏ ਜਾਣ ਅਤੇ ਨਵੇਂ ਨੇਮ ਦੇ ਸਮਿਆਂ ਵਿਚ ਜਿਤ ਪ੍ਰਾਪਤ ਕਰਨ ਵਾਲੇ ਨਾਇਕਾਂ ਦੇ ਫ਼ਤਹਿਮੰਦ ਜਲੂਸਾਂ ਵਿਚ ਫ਼ਰਕ ਕੀਤਾ ਜਾਂਦਾ ਹੈ। ਅਫ਼ਸੀਆਂ 4:8 ਤੇ ਸੰਖੇਪ ਟਿੱਪਣੀਆਂ ਵੇਖੋ। ਇਸ ਕਿਤਾਬ ਵਿਚ ਅੱਗੇ ''ਭਲਾ ਧਰਮੀ ਮੁਰਦੇ ਸਿੱਧੇ ਸੁਰਗ ਵਿਚ ਜਾਣਗੇ?'' ਪਾਠ ਵੇਖੋ। [5]ਇਹ ਜ਼ਬੂਰਾਂ ਦੀ ਪੋਥੀ 68:18 ਵਿੱਚੋਂ ਲਿਆ ਗਿਆ ਹਵਾਲਾ ਹੈ। [6]ਇਹ ਪਤਾਲ ਲੋਕ ਦੇ ਸੰਸਾਰ ਦਾ ਅਰਥ ਦਸਦੀ ਪਰਤੀਕ ਦੀ ਭਾਸ਼ਾ ਹੈ। ਇਸ ਤੇ ਚਰਚਾ ਕਰਨ ਲਈ ਕਿ ਮੁਰਦਿਆਂ ਦੇ ਜਹਾਨ ਵਿਚ ਰਹਿਣ ਦੌਰਾਨ ਯਿਸੂ ਕਿੱਥੇ ਸੀ, ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਰੋਮੀ ਸਲੀਬ ਤੇ ਛੇ ਘੰਟੇ'' ਅਤੇ ''ਇਤਿਹਾਸ ਦੇ ਤਿੰਨ ਸਭ ਤੋਂ ਖ਼ਾਸ ਦਿਨ'' ਵੇਖੋ। ਇਸ ਕਿਤਾਬ ਵਿਚ ਅੱਗੇ ''ਮੁਰਦੇ ਕਿੱਥੇ ਹਨ?'' ਪਾਠ ਵੇਖੋ। [7]ਇਹ ਸ਼ਬਦਾਵਲੀ ਮਸੀਹਾ ਨਾਲ ਸਬੰਧਿਤ ਭਜਨ, ਭਾਵ ਮਸੀਹ ਨਾਲ ਦਸਦੇ ਭਜਨ ਜ਼ਬੂਰਾਂ ਦੀ ਪੋਥੀ 2:9 ਵਿੱਚੋਂ ਲਈ ਗਈ ਹੈ। [8]ਯਹੂਦੀ ਸਮੇਂ ਦੇ ਅਨੁਸਾਰ (ਸੂਰਜ ਡੁੱਬਣ ਤੋਂ ਸੂਰਜ ਚੜ੍ਹਨ ਤਕ) ਯਿਸੂ ਦੀ ਮੌਤ ਉਸੇ ਦਿਨ ਹੋਈ, ਜਿਸ ਦਿਨ ਉਸਨੇ ਪਸਾਹ ਖਾਦਾ ਸੀ। ਪਸਾਹ ਅਤੇ ਪੈਂਟੀਕਾਸਟ ਦੇ ਦਰਮਿਆਨ ਪੰਜਾਹ ਦਿਨ ਲੰਘ ਗਏ (ਵੇਖੋ ਲੇਵੀਆਂ ਦੀ ਪੋਥੀ 23:15, 16 ਅਤੇ ਵਿਵਸਥਾਸਾਰ 16:9)। [9]ਜੇ ਤੁਹਾਡੇ ਸੁਣਨ ਵਾਲੇ ਓਲੰਪਿਕ ਖੇਡਾਂ ਬਾਰੇ ਜਾਣਦੇ ਹਨ ਤਾਂ ਤੁਸੀਂ ਪੁੱਛ ਸਕਦੇ ਹੋ ''ਕਿਹੜੀ ਗੱਲ ਵੱਧ ਰੋਮਾਂਚਕਾਰੀ ਸੀ: ਰੇਸ ਚਿੱਤਣਾਂ ਜਾਂ ਜੇਤੂ ਹੋ ਕੇ ਗੋਲਡ ਮੈਡਲ ਹਾਸਲ ਕਰਨਾ।'' [10]ਆਪਣੇ ਸੁਣਨ ਵਾਲਿਆਂ ਨੂੰ ਘਰ ਵਾਪਸੀ ਦੇ ਅੰਨਦ ਨੂੰ ਸਮਝ ਆਉਣ ਵਾਲੀਆਂ ਉਦਾਹਰਣਾਂ ਦੀ ਵਰਤੋਂ ਕਰੋ।

[11]ਫ਼ਿਲਿਪ ਗੈਂਸੀ, *ਦ ਜੀਜ਼ਸ ਆਈ ਨੈਵਰ ਨਿਊ* (ਗ੍ਰੈਂਡ ਰੈਪਿਡਸ ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1995), 226. [12]ਉਹ ਨਾਂਅ ਕੀ ਸੀ? ਆਇਤ ਦੇ ਅਗਲੇ ਭਾਗ ਵਿਚ ਸੰਕੇਤ ਮਿਲਦਾ ਹੈ ਕਿ ਉਹ ਨਾਂਅ ''ਯਿਸੂ'' ਸੀ। ਜੇ ਕਿਸੇ ਨੂੰ ਇਤਰਾਜ਼ ਹੋਵੇ ਕਿ ਉਹ ਨਾਂਅ ਯਿਸੂ ਨੂੰ ਉਸ ਦੇ ਜਨਮ ਵੇਲੇ ਦਿੱਤਾ ਗਿਆ ਸੀ (ਵੇਖੋ ਮੱਤੀ 1:21), ਤਾਂ ਸਮਝਾਓ ਕਿ ਇਹ ਉਸਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਨੂੰ ਧਿਆਨ ਵਿਚ ਰੱਖ ਕੇ ਦਿੱਤਾ ਗਿਆ ਸੀ। ਹੁਣ ਇਸ ਨੂੰ ਅਸਲ ਵਿਚ ਦਿੱਤਾ ਜਾ ਸਕਦਾ ਸੀ, ਕਿਉਂਕਿ ਉਸ ਨੇ ਛੁਟਕਾਰੇ ਦਾ ਕੰਮ ਪੂਰਾ ਕਰ ਲਿਆ ਸੀ। [13]ਸੰਭਵ ਤੌਰ ਤੇ ਇਹ ਸੰਕੇਤਿਕ ਭਾਸ਼ਾ ਹੈ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਮਸੀਹ ਉਸ ਸੁਰਗ ਵਿਚ ਜਿੱਥੇ ਪੰਛੀ ਹਨ ਅਤੇ ਉਸ ਸੁਰਗ ਵਿੱਚੋਂ ਦੀ ਜਿੱਥੇ ਤਾਰੇ ਹਨ ਹੋ ਕੇ ਗਿਆ ਅਤੇ ਉੱਥੇ ਪਹੁੰਚ ਗਿਆ ਹੈ ਜਿੱਥੇ ਖ਼ੁਦਾ ਹੈ। [14]ਇਸਦਾ ਮਤਲਬ ਇਹ ਨਹੀਂ ਹੈ ਕਿ ਯਿਸੂ ਸਾਡੇ ਪਾਪਾਂ ਦੀ ਅਣਗਹਿਲੀ ਕਰਦਾ ਹੈ ਆਪਣੇ ਆਪ ਹੀ ਉਨ੍ਹਾਂ ਨੂੰ ਮਾਫ਼ ਕਰ ਦਿੰਦਾ ਹੈ। ਬਲਕਿ ਇਹ ਹੈ ਕਿ ਇਹ ਪਤਾ ਹੋਣਾ ਸਕੂਨ ਦੇਣ ਵਾਲਾ ਹੈ ਕਿ ਉਹ ਸਹੀ ਕੰਮ ਕਰਨ ਲਈ ਸਾਡੇ ਸੰਘਰਸ਼ਾਂ ਨੂੰ ਸਮਝਦਾ ਅਤੇ ਸਾਡੇ ਨਾਲ ਹਮਦਰਦੀ ਰੱਖਦਾ ਹੈ। [15]ਜਿੱਥੋਂ ਤਕ ਮੈਨੂੰ ਪਤਾ ਹੈ ਸਿਰਫ਼ ਇੱਥੇ ਹੀ ਯਿਸੂ ਨੂੰ ਸੱਜੇ ਹੱਥ ਬੈਠਣ ਦੀ ਬਜਾਏ ''ਖੜੇ'' ਵਿਖਾਇਆ ਗਿਆ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਪਹਿਲੇ ਮਸੀਹੀ ਸ਼ਹੀਦ ਦੇ ਸਨਮਾਨ ਨੂੰ ਵਿਖਾਉਂਦਾ ਹੈ। [16]ਜੇ ਤੁਹਾਡੇ ਸੁਣਨ ਵਾਲੇ ਮੌਜੂਦਾ ਸਮੇਂ ਦੀ ਤਾਜਪੋਸ਼ੀ ਤੋਂ ਵਾਕਿਫ਼ ਹੋਣ, ਤਾਂ ਸ਼ਾਇਦ ਉਹ ਗੁਜ਼ਰੇ ਜ਼ਮਾਨੇ (ਟੈਲੀਵਿਜ਼ਨ ਤੋਂ ਪਹਿਲਾਂ) ਦੇ ਇਸ ਦੇ ਫ਼ਰਕ ਨੂੰ ਸਮਝ ਲੈਣ ਕਿ ਜ਼ਿਆਦਾਤਰ ਪਰਜਾ ਨਵੇਂ ਰਾਜੇ ਦੇ ਤਾਜਪੋਸ਼ੀ ਨੂੰ ਵੇਖ ਨਹੀਂ ਸਕਦੀ ਸੀ; ਪਰ ਤਾਜਪੋਸ਼ੀ ਦੇ ਬਾਅਦ ਕੋਈ ਆਦਮੀ ਭੀੜ ਦੇ ਸਾਹਮਣੇ ਆ ਕੇ ਇਹ ਐਲਾਨ ਕਰ ਦਿੰਦਾ ਸੀ ਕਿ ਤਾਜਪੋਸ਼ੀ ਹੋ ਗਈ। ਫਿਰ ਲੋਕ ਰੌਲਾ ਪਾਉਂਦੇ ਅਤੇ ਨਾਰੇ ਮਾਰਦੇ ਸਨ। ਇਸੇ ਤਰ੍ਹਾਂ ਪਤਰਸ ਨੇ ਵੀ ਕਿਹਾ ਕਿ ਆਤਮਾ ਦਾ ਆਉਣਾ ਸੁਰਗ ਦੀ ਤਰਫੋਂ ''ਐਲਾਨ'' ਸੀ ਕਿ ਯਿਸੂ ਨੂੰ ਤਾਜ ਪੁਆ ਦਿੱਤਾ ਗਿਆ ਹੈ। [17]ਇਹ ਗੱਲ ਕਿ ਦਾਨੀਏਲ 7 ਵਿਚ ਦੱਸਿਆ ਗਿਆ ਰਾਜ ਕਦੇ ''ਨੇਸਤ ਨਹੀਂ ਹੋਣਾ ਸੀ'' ਦਾਨੀਏਲ 2:44 ਵਰਗਾ ਲਗਦਾ ਹੈ ਜੋ ਮਸੀਹ ਦੇ ਰਾਜ ਅਤੇ ਕਲੀਸੀਆ ਦੇ ਕਾਇਮ ਹੋਣ ਦੀ

ਨਬੂਵਤ ਹੈ। ਇਹ ਵਾਅਦਾ ਮੱਤੀ 16:18, 19 ਦੇ ਕਲੀਸੀਆ/ਰਾਜ ਦੇ ਅਵਿਨਾਸ਼ੀ ਹੋਣ ਦੇ ਵਾਅਦੇ ਵਾਂਗ ਵੀ ਹੈ। [18]ਮੈਂ ਨਵੇਂ ਨੇਮ ਦੀਆਂ ਸਾਰੀਆਂ ਉਹ ਆਇਤਾਂ ਨਹੀਂ ਦੇ ਸਕਦਾ ਜਿਨ੍ਹਾਂ ਵਿਚ ਯਿਸੂ ਨੂੰ ''ਪ੍ਰਭੂ'' ਦੇ ਰੂਪ ਵਿਚ ਵਿਖਾਇਆ ਗਿਆ ਹੈ। ਇਕ ਨਮੂਨਾ ਇਹ ਹੈ ਰਸੂਲਾਂ ਦੇ ਕੰਮ 2:36; ਰੋਮੀਆਂ 1:4; 1 ਕੁਰਿੰਥੀਆਂ 8:5, 6; ਯਾਕੂਬ 2:1; ਯਹੂਦਾ 4. [19]ਜੇ ਉਨ੍ਹਾਂ ਦੇ ਮਨਾਂ ਵਿਚ ਕੋਈ ਸਵਾਲ ਰਹਿ ਗਿਆ ਸੀ ਤਾਂ ਇਹ ''ਚਿੱਟੇ ਕੱਪੜੇ'' ਪਾਈ ਦੋ ਬੰਦਿਆਂ ਵੱਲੋਂ ਕੱਢ ਦਿੱਤਾ ਗਿਆ। [20]ਇਸ ਸਰਮਨ ਵਿੱਚੋਂ ਸੁਣਾਉਂਦੇ ਹੋਏ ਗੈਰ ਮਸੀਹੀ ਲੋਕਾਂ ਨੂੰ ਬਪਤਿਸਮਾ ਲੈਣ ਦਾ ਸੱਦਾ ਦਿੱਤਾ ਜਾਣ ਦੇ ਇਲਾਵਾ ਬੇਵਿਸ਼ਵਾਸੀ ਲੋਕਾਂ ਨੂੰ ਘਰ ਵਾਪਸੀ ਲਈ ਹੱਲਾਸ਼ੇਰੀ ਹੈ (ਰਸੂਲਾਂ ਦੇ ਕੰਮ 8:22; ਯਾਕੂਬ 5:16)।

[21]ਜੀ. ਕੈਂਪਬੇਲ, ਮੌਰਗਨ, *ਦ ਕ੍ਰਾਈਸਸ ਆਫ਼ ਦ ਕ੍ਰਾਈਸਟ* (ਨਿਊ ਯਾਰਕ: ਡੇਵਿੰਗ ਐਚ. ਰੇਵਿਲ ਕੰ. 1936), 385–449.


ਮਸੀਹ ਦਾ ਉੱਪਰ ਉਠਾਇਆ ਜਾਣਾ
ਰਸੂਲਾਂ ਦੇ ਕੰਮ 1:6–11; 2:1–4
ਵਚਨ ਦੀ ਲੋੜ
ਆਤਮਾ
ਮਸੀਹ ਦੀ ਵਡਿਆਈ
ਮਹਾਂਯਾਜਕ ਦੇ ਰੂਪ ਵਿਚ
ਰਾਜੇ ਦੇ ਰੂਪ ਵਿਚ
ਚੇਲਿਆਂ ਦੀ ਤਿਆਰੀ
ਜ਼ਿੰਮੇਵਾਰੀ ਅੱਗੇ ਦਿੱਤੀ ਗਈ
ਆਤਮਾ ਦਿੱਤਾ ਜਾਣਾ